# ਸਰਕਾਰੀ ਮੈਡੀਕਲ ਕਾਲਜ ਪਟਿਆਲਾ

ਨੰ:1(4022)ਈ1/2025/ 23085 ਮਿਤੀ- 19/6/25

## ਦਫਤਰੀ ਹੁਕਮ

ਪੰਜਾਬ ਸਰਕਾਰ, ਮੈਡੀਕਲ ਸਿਖਿਆ ਤੇ ਖੋਜ ਵਿਭਾਗ (ਸਿਹਤ-3 ਸ਼ਾਖਾ) ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਰਾਹੀਂ ਜਾਰੀ ਹਦਾਇਤਾਂ/ਅਧਿਕਾਰਾਂ ਦੇ ਸਨਮੁੱਖ ਇਸ ਦਫਤਰ ਵੱਲੋਂ ਇਸ ਸੰਸਥਾ ਦੇ ਵੱਖ-ਵੱਖ ਵਿਭਾਗਾਂ ਵਿੱਚ ਸੀਨੀਅਰ ਰੈਜੀਡੈਂਟ ਡਾਕਟਰਾਂ ਦੀ ਖਾਲੀ ਆਸਾਮੀਆਂ ਦੀ ਚੋਣ ਕਰਨ ਲਈ ਲੀਡਿੰਗ ਅਖਬਾਰਾਂ ਅਤੇ ਸੰਸਥਾ ਦੀ ਵੈਬ-ਸਾਈਟ ਤੇ ਵਿਗਿਆਪਨ ਨੰ: ਡੀ.ਪੀ.ਆਰ/ਪੀਬੀ/43913 ਅਤੇ ਡੀ.ਪੀ.ਆਰ/ਐਨ.ਏ/12/29578/2023/43913 ਮਿਤੀ 30.04.2025 ਨੂੰ ਪ੍ਰਕਾਸ਼ਿਤ ਕਰਦੇ ਹੋਏ ਬਿਨੈਕਾਰਾਂ ਪਾਸੋਂ ਸੀਨੀਅਰ ਰੈਜੀਡੈਂਟ ਦੀਆਂ ਖਾਲੀ ਆਸਾਮੀਆਂ ਭਰਨ ਲਈ ਮਿਤੀ 15.05.2025 ਤੱਕ ਅਰਜੀਆਂ ਦੀ ਮੰਗ ਕੀਤੀ ਗਈ ਸੀ। ਜਿਸ ਅਨੁਸਾਰ ਇਸ ਦਫਤਰ ਦੇ ਦਫਤਰੀ ਹੁਕਮ ਨੰ: 19385 ਮਿਤੀ: 22.05.2025 ਰਾਹੀ ਇਸ ਸੰਸਥਾ ਦੇ ਵੱਖ ਵੱਖ ਵਿਭਾਗਾਂ ਵਿਚ ਸੀਨੀਅਰ ਰੈਜੀਡੈਂਟ ਡਾਕਟਰਾ ਦੀ ਚੋਣ ਕਰਦੇ ਹੋਏ ਚੋਣੇ ਹੋਏ ਡਾਕਟਰਾਂ ਨੂੰ 15 ਦਿਨਾਂ ਦੇ ਅੰਦਰ ਅੰਦਰ ਆਪਣੀ ਹਾਜਰੀ ਰਿਪੋਰਟ ਪੇਸ਼ ਕਰਨ ਲਈ ਲਿਖਿਆ ਗਿਆ ਸੀ। ਚੁਣੇ ਗਏ ਉਮੀਦਵਾਰਾਂ ਵੱਲੋ ਬਤੌਰ ਸੀਨੀਅਰ ਰੈਜੀਡੈਂਟ ਹਾਜਰ ਹੋਣ ਦੀ ਆਖਰੀ ਮਿਤੀ: 05.06.2025 ਸੀ, ਇਸ ਲਈ ਨਿਸ਼ਚਿਤ ਮਿਤੀ: 05.06.2025 ਉਪਰੰਤ ਕੁੱਝ ਵਿਭਾਗਾਂ ਵਿਚ ਚੁਣੇ ਗਏ ਉਮੀਦਵਾਰਾਂ ਵੱਲੋ ਹੁਣ ਤੱਕ ਆਪਣੀ ਹਾਜਰੀ ਰਿਪੋਰਟ ਬਤੋਰ ਸੀਨੀਅਰ ਰੈਜੀਡੈਂਟ ਨਹੀਂ ਦਿੱਤੀ ਗਈ ਹੈ ਜਿਸ ਕਾਰਨ ਵਿਗਿਆਪਤ ਕੀਤੀਆਂ ਗਈਆਂ ਖਾਲੀ ਆਸਾਮੀਆਂ ਅਨੁਸਾਰ ਵੱਖ ਵੱਖ ਵਿਭਾਗਾਂ ਵਿਚ ਖਾਲੀ ਆਸਾਮੀਆਂ ਨੂੰ ਵੇਟਿੰਗ ਲਿਸਟ ਵਿਚੋਂ ਭਰਨ ਦਾ ਉਪਬੰਧ ਹੋਣ ਇਸ ਸੰਸਥਾ ਦੀ ਸਲੈਕਸ਼ਨ ਕਮੇਟੀ ਵੱਲੋਂ ਮਿਤੀ: 18.06.2025 ਨੂੰ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਸਨਮੁੱਖ ਯੋਗ ਪਾਏ ਗਏ ਨਿਮਨ ਦਰਸਾਏ ਬਿਨੈਕਾਰਾਂ ਦੀ ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਵਿਭਾਗਾਂ ਵਿੱਚ ਇਸ ਸੰਸਥਾ ਵਿਖੇ ਬਤੋਰ ਸੀਨੀਅਰ ਰੈਜੀਡੈਂਟ 03 ਸਾਲ ਦੇ ਟੈਨਿਓਰ ਲਈ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਚੋਣ ਕੀਤੀ ਜਾਂਦੀ ਹੈ:-

1) ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਡਾਕਟਰ ਚੋਣ ਦੇ ਹੁਕਮ ਇਸ ਸੰਸਥਾ ਦੀ ਵੈਬ ਸਾਈਟ (www.gmcpatiala.edu.in) ਤੇ Upload ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਸ ਸੰਸਥਾ ਦੇ ਦਫਤਰ ਵਿਖੇ ਹਾਜਰੀ ਰਿਪੋਰਟ ਪੇਸ਼ ਕਰਨਗੇ ਅਤੇ ਜੁਆਇਨਿੰਗ ਸਮਾਂ ਪੂਰਾ ਹੋਣ ਉਪਰੰਤ ਜੁਆਇਨਿੰਗ ਸਮੇ ਵਿਚ ਕਿਸੇ ਵੀ ਤਰ੍ਹਾਂ ਦੇ ਵਾਧੇ ਦੀ ਮੰਗ ਨਹੀਂ ਕੀਤੀ ਜਾਵੇਗੀ।

2) ਚੁਣੇ ਗਏ ਉਮੀਦਵਾਰ ਦੀ ਜਿਸ ਵਿਭਾਗ ਵਿਚ ਸੀਨੀਅਰ ਰੈਜੀਡੈਂਟ ਚੋਣ ਕੀਤੀ ਗਈ ਹੈ ਉਹ ਅੰਤਿਮ ਹੋਵੇਗੀ।

3) ਚੁਣੇ ਗਏ ਉਮੀਦਵਾਰਾਂ ਤੇ ਸਰਕਾਰ ਦੀ ਨੋਟੀਫਿਕੇਸ਼ਨ ਨੰ: 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਅਤੇ ਨੋਟੀਫਿਕੇਸ਼ਨ ਮੀਮੋ ਨੰ: ਐਮ.ਈ.ਆਰ-ਐਚ.ਟੀ.ਐਚ307ਏ/125/2021-6 ਐਚ.ਬੀ3/ 2327-32 ਮਿਤੀ 26.08.2022 ਵਿਚ ਦਰਸਾਈਆਂ ਸ਼ਰਤਾਂ/ਨਿਯਮ ਲਾਗੂ ਹੋਣਗੇ।

4) ਚੁਣੇ ਗਏ ਉਮੀਦਵਾਰਾਂ ਨੂੰ ਡਾਕੂਮੈਂਟਸ ਵੈਰੀਫਿਕੇਸ਼ਨ/ਯੋਗਤਾ ਚੈਕ ਕਰਨ ਉਪਰੰਤ ਹੀ ਜੁਆਇੰਨ ਕਰਵਾਇਆ ਜਾਵੇਗਾ ਜੇਕਰ ਉਮੀਦਵਾਰ ਦੇ ਦਸਤਾਵੇਜ਼ ਗਲਤ ਪਾਏ ਜਾਂਦੇ ਹਨ ਜਾਂ ਸੀਨੀਅਰ ਰੈਜੀਡੈਂਸੀ ਦੀ ਯੋਗਤਾ ਪੂਰੀ ਨਹੀਂ ਹੁੰਦੀ ਤਾਂ ਉਸ ਉਮੀਦਵਾਰ ਦੀ ਚੋਣ ਰੱਦ ਸਮਝੀ ਜਾਵੇਗੀ।

5) ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਉਮੀਦਵਾਰਾਂ ਵਿਚੋਂ ਜੇਕਰ ਕੋਈ ਉਮੀਦਵਾਰ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਅਧੀਨ ਕਿਸੇ ਵੀ ਸੰਸਥਾ ਵਿਖੇ ਬਾਂਡਿਡ ਡਾਕਟਰ ਵੱਜੋਂ ਸੀਨੀਅਰ ਰੈਜੀਡੈਂਸੀ ਕਰ ਰਿਹਾ ਹੈ ਤਾ ਉਸ ਡਾਕਟਰ ਵੱਲੋਂ ਇਸ ਸੰਸਥਾ ਵਿਖੇ ਸੀਨੀਅਰ ਰੈਜੀਡੈਂਸੀ ਲਈ ਹਾਜਰ ਹੋਣ ਸਮੇ ਇਤਰਾਜਹੀਣਤਾ ਸਰਟੀਫਿਕੇਟ ਪੇਸ਼ ਕੀਤਾ ਜਾਵੇਗਾ ਕਿ ਉਹ ਜਿਸ ਸੰਸਥਾ ਵਿਖੇ ਸੀਨੀਅਰ ਰੈਜੀਡੈਂਸੀ ਕਰ ਰਿਹਾ ਹੈ, ਉਸ ਸੰਸਥਾ ਨੂੰ ਡਾਕਟਰ ਦੇ ਇਸ ਸੰਸਥਾ ਵਿਖੇ ਸੀਨੀਅਰ ਰੈਜੀਡੈਂਸੀ ਕਰਨ ਤੇ ਕੋਈ ਇਤਰਾਜ ਨਹੀਂ ਹੈ ਅਤੇ ਇਸ ਤੋਂ ਇਲਾਵਾ ਪੰਜਾਬ ਸਰਕਾਰ ਪਾਸ ਜੇਕਰ ਸ਼ਿਓਰਟੀ ਬਾਂਡ ਭਰਿਆ ਗਿਆ ਜਾਂ ਨਹੀ ਸਬੰਧੀ ਵੀ ਉਮੀਦਵਾਰ ਵਲੋ ਸਵੈ ਘੋਸ਼ਣਾ ਦਿੱਤਾ ਜਾਵੇਗਾ।

| S.No. | Name of Doctors | Father / Husband Name | Category |
|---|---|---|---|
| | **GENERAL MEDICINE** | | |
| 1 | Dr. Akanksha Gupta | Sh. Balinder Kumar | 7 |
| | **ORTHOPEDICS** | | |
| 1 | Dr. Dinesh Kumar Chadgal | Sh. Tilak Raj | 7 |
| 2 | Dr. Pankaj Mittal | Sh. Pawan Kumar | 7 |
| 3 | Dr. Manikaran Singh | Dr. Pritpal Singh | 7 |
| 4 | Dr. Sahil Walia | Sh. Pardeep Walia | 7 |
| | **PSYCHIATRY** | | |
| 1 | Dr. Simranjeet Kaur | Sh. Tarsem Singh | 7 |
| | **SKIN & VD** | | |
| 1 | Dr. Kimiya | Sh. Ashok Kumar | 7 |
| | **GENERAL SURGERY** | | |
| 1 | Dr. Sarvpreet Singh Malhi | Sh. Inderpal Singh | 7 |

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਵਿਕਰਮ ਸਿੰਘ ਸੀਨੀਅਰ ਸਹਾਇਕ

19/6/25

ਪਿੱ:ਅੰ:ਨੰ:1(4022)ਈ1/2025/ 23086 - 23100 ਮਿਤੀ- 19/6/25

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਚੰਡੀਗੜ੍ਹ।
2. ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ, ਐਸ.ਏ.ਐਸ.ਨਗਰ (ਮੋਹਾਲੀ)।
4. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
5. ਡਾਇਰੈਕਟਰ, ਨੈਸ਼ਨਲ ਹੈਲਥ ਮਿਸ਼ਨ, ਪੰਜਾਬ, ਚੰਡੀਗੜ੍ਹ।
6. ਡਾਇਰੈਕਟਰ, ਰੂਰਲ ਡਿਵੈਲਪਮੈਂਟ ਅਤੇ ਪੰਚਾਇਤ, ਮੋਹਾਲੀ।
7. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
8. ਰਜਿਸਟਰਾਰ, ਬਾਬਾ ਫਰੀਦ ਯੂਨਿਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ।
9. ਡਾਇਰੈਕਟਰ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ।
10. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਸਰਕਾਰੀ ਮੈਡੀਕਲ ਕਾਲਜ, ਪਟਿਆਲਾ।
11. ਇਸ ਸੰਸਥਾ ਦੇ ਵੱਖ ਵੱਖ ਵਿਭਾਗਾਂ ਦੇ ਪ੍ਰੋਫੈਸਰ ਤੇ ਮੁੱਖੀਆਂ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਉਪਰੋਕਤ ਚੁਣੇ ਗਏ ਉਮੀਦਵਾਰ ਨੂੰ ਸਿੱਧੇ ਤੋਰ ਤੇ ਬਤੌਰ ਸੀਨੀਅਰ ਰੈਜੀਡੈਂਟ ਹਾਜਰ ਨਾ ਕਰਵਾਇਆ ਜਾਵੇ।
12. ਪ੍ਰੋਫੈਸਰ ਤੇ ਮੁੱਖੀ ਕਮ ਚੇਅਰਮੈਨ ਮੈਡੀਕਲ ਬੋਰਡ, ਅਨਾਟਮੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
13. ਇਸ ਸੰਸਥਾ ਦੇ ਵੱਖ ਵੱਖ ਵਿਭਾਗਾਂ ਵਿਚ ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਉਪਰੋਕਤ ਡਾਕਟਰਾਂ ਨੂੰ ਇਹ ਹੁਕਮ ਉਹਨਾਂ ਦੀ ਈ.ਮੇਲ ਪਤੇ ਤੇ ਭੇਜੇ ਜਾਂਦੇ ਹਨ।

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਵਿਕਰਮ ਸਿੰਘ ਸੀਨੀਅਰ ਸਹਾਇਕ